# कीतियां मुरादां अज्ज पूरियां

ਅੰਬੇ ਮਹਾਂਰਾਣੀ, ਨੇ ਹੈ ਸੁੱਤ ਵਰਤਾਈ,
ਬੜੇ ਚਿਰਾਂ ਪਿੱਛੋਂ, ਘੜੀ ਸ਼ਗਨਾਂ ਦੀ ਆਈ,
ਵੰਡਾਂ, ਸਭਨੂੰ ਘਿਓ ਦੀਆਂ ਚੂਰੀਆਂ,,,
( ਚੰਨ ਜੇਹਾ ਲਾਲ ਮਿਲਿਆ )
ਮਾਂ ਨੇ ਕੀਤੀਆਂ, ਮੁਰਾਦਾਂ ਅੱਜ ਪੂਰੀਆਂ,,, ॥
( ਚੰਨ ਜੇਹਾ ਲਾਲ ਮਿਲਿਆ )

ਏਹਨੂੰ ਭਗਤਾਂ ਦੇ, ਚਰਨਾਂ ਦੀ, ਧੂਲ ਮੱਥੇ ਲਾਵਾਂ ।
ਏਹਨੂੰ, ਲੋਰੀ ਵੀ ਪੁਜਾਏ, ਭੇਟ ਮਈਆ ਦੀ ਸੁਣਾਵਾਂ ॥
^ਦਰ ਲੈ ਕੇ ਜਾਈਏ, ਸੁਖੀ ਸੁੱਖਣਾ ਚੜ੍ਹਾਈਏ ॥,
ਕੋਈ, ਛੱਡੀਏ ਨਾ ਰਸਮਾਂ ਅਧੂਰੀਆਂ,,,
( ਚੰਨ ਜੇਹਾ ਲਾਲ ਮਿਲਿਆ )
ਮਾਂ ਨੇ ਕੀਤੀਆਂ, ਮੁਰਾਦਾਂ ਅੱਜ ਪੂਰੀਆਂ,,, ॥
( ਚੰਨ ਜੇਹਾ ਲਾਲ ਮਿਲਿਆ )

ਅਸੀਂ ਵਾਦਾ ਕੀਤਾ, ਮਈਆ ਨਾਲ, ਜਲਦੀ ਨਿਭਾਉਣਾ ।
ਘਰ ਆਪਣੇ ਹੈ, ਮਾਂ ਦਾ, ਜਗਰਾਤਾ ਕਰਵਾਉਣਾ ॥
^ਘਰ ਦਾਤੀ, ਮਈਆ ਜੀ ਦੀ, ਜੋਤ ਮੈਂ ਜਗਾਉਣੀ ॥,
ਬੈਠ, ਸਾਰੀ ਰਾਤ ਭਰਾਂਗੇ ਹਦੂਰੀਆਂ,,,
( ਚੰਨ ਜੇਹਾ ਲਾਲ ਮਿਲਿਆ )
ਮਾਂ ਨੇ ਕੀਤੀਆਂ, ਮੁਰਾਦਾਂ ਅੱਜ ਪੂਰੀਆਂ,,, ॥
( ਚੰਨ ਜੇਹਾ ਲਾਲ ਮਿਲਿਆ )

ਛਿੱਟੇ ਰਹਿਮਤਾਂ ਦੇ, ਮਾਂ ਨੇ ਸਾਡੇ, ਵੇਹੜੇ ਬਰਸਾਏ ।
ਵਿੱਚ ਖੁਸ਼ੀਆਂ, ਜੈਕਾਰੇ, ਸ਼ੇਰਾਂਵਾਲੀ ਦੇ ਬੁਲਾਏ ॥
^ਕੰਜ਼ਕਾਂ ਬਿਠਾਈਏ, ਨਾਲ ਲੌਂਕੜਾਂ ਮਨਾਈਏ ॥,
ਨਾਲ, ਸ਼ਰਧਾ ਬਣਾਈਏ ਖੀਰ ਪੂਰੀਆਂ,,,
( ਚੰਨ ਜੇਹਾ ਲਾਲ ਮਿਲਿਆ )
ਮਾਂ ਨੇ ਕੀਤੀਆਂ, ਮੁਰਾਦਾਂ ਅੱਜ ਪੂਰੀਆਂ,,, ॥
( ਚੰਨ ਜੇਹਾ ਲਾਲ ਮਿਲਿਆ )

ਆ ਜਾਓ ਭਗਤੋ, ਹੋ ਇਕੱਠੇ, ਭੇਟਾਂ ਅੰਬੇ ਦੀਆਂ ਗਾਈਏ ।
ਪਾਈਏ ਭੰਗੜੇ, ਤੇ ਭੋਲੀ ਮਾਂ ਦਾ, ਸ਼ੁੱਕਰ ਮਨਾਈਏ ॥
^ਗਾਵੇ ਸਰਦੂਲ, ਵਰਦਾਨੀ ਦੀਆਂ ਭੇਟਾਂ ॥,
ਉੱਠੇ, ਕਰਮੇ ਦੇ ਦਿਲ ਵਿਚੋਂ ਲੋਰੀਆਂ,,,
( ਚੰਨ ਜੇਹਾ ਲਾਲ ਮਿਲਿਆ )
ਮਾਂ ਨੇ ਕੀਤੀਆਂ, ਮੁਰਾਦਾਂ ਅੱਜ ਪੂਰੀਆਂ,,, ॥॥
( ਚੰਨ ਜੇਹਾ ਲਾਲ ਮਿਲਿਆ )

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/27659/title/kitiyan-murada-ajj-puriya

अपने Android मोबाइल पर BhajanGanga App डाउनलोड करें और भजनों का आनंद ले |